ਸੀ-2

# ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਈ. ਬਲਾਕ, ਚੌਥੀ ਮੰਜ਼ਿਲ, ਪੰ.ਸ.ਸਿੱ.ਬੋ. ਕੰਪਲੈਕਸ, ਫੇਜ਼-8, ਐੱਸ.ਏ.ਐੱਸ. ਨਗਰ

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਐੱਸ.ਏ.ਐੱਸ. ਅਧਿਕਾਰੀ,
ਸਮੂਹ ਪ੍ਰਿੰਸੀਪਲ, ਸਕੂਲਜ਼ ਆਫ਼ ਐਮੀਨੈਂਸ (SoE)
ਸਕੂਲ ਸਿੱਖਿਆ ਵਿਭਾਗ, ਪੰਜਾਬ।

2024151861
04/12/2024
5/12

ਮੀਮੋ ਨੰ. SoE/2024/2024312003-010
ਮਿਤੀ: 03-12-2024

**ਵਿਸ਼ਾ:-** **ਸਕੂਲ ਆਫ਼ ਐਮੀਨੈਂਸ (SoE) 11ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਰਵਾਈਆਂ ਗਈ ਐਕਸਪੋਜ਼ਰ ਵਿਜ਼ਿਟਸ ਦੇ ਸਬੰਧ ਵਿੱਚ।**

**ਹਵਾਲਾ:** ਵਿਭਾਗ ਦੇ ਪੱਤਰ ਨੰ. ਪੱਤਰ ਨੰ. 2024267908-14, ਮਿਤੀ: 14-10-2024(ਨਾਲ ਨੱਥੀ) ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਧੀਨ ਦੱਸਣਯੋਗ ਹੈ ਕਿ ਵਿਭਾਗ ਵੱਲੋਂ ਉਪਰੋਕਤ ਹਵਾਲਾ ਅਧੀਨ ਜਾਰੀ ਪੱਤਰ ਰਾਹੀਂ ਸਮੂਹ ਸਕੂਲ ਆਫ਼ ਐਮੀਨੈਂਸ, ਪੰਜਾਬ ਦੇ 11ਵੀਂ ਜਮਾਤ ਦੇ SOE ਵਿਦਿਆਰਥੀਆਂ ਲਈ ਐਕਸਪੋਜ਼ਰ ਵਿਜ਼ਿਟਜ ਕਰਵਾਉਣ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਹ ਵਿਜ਼ਿਟਸ 22 ਤੋਂ 25 ਅਕਤੂਬਰ, 2024 ਤੱਕ ਮੁਕੰਮਲ ਕੀਤੀਆਂ ਗਈਆਂ ਹਨ।

ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਇਹਨਾਂ ਐਕਸਪੋਜ਼ਰ ਵਿਜ਼ਿਟਸ ਤੇ ਆਉਣ ਵਾਲੇ ਖ਼ਰਚ ਦੀ ਅਦਾਇਗੀ ਸਬੰਧੀ ਹਦਾਇਤ ਦਿੱਤੀ ਜਾਂਦੀ ਹੈ ਕਿ ਇਹਨਾਂ ਵਿਜ਼ਿਟਸ ਤੇ ਆਉਣ ਵਾਲੇ ਖ਼ਰਚ ਦੇ ਬਿੱਲ 125 ਰੁ: ਪ੍ਰਤੀ ਵਿਦਿਆਰਥੀ( 100 ਰ: ਟ੍ਰੈਵਲ, 25 ਰੁ: ਰਿਫ਼ਰੈਸ਼ਮੈਂਟ) ਦੇ ਹਿਸਾਬ ਨਾਲ ਸਬੰਧਿਤ ਸਕੂਲਾਂ ਦੇ ਮੁਖੀਆਂ/ਪ੍ਰਿੰਸੀਪਲਾਂ ਵੱਲੋਂ ਡਿਊਲੀ ਵੈਰੀਫ਼ਾਈ ਕਰਵਾਉਣ ਉਪਰੰਤ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਮੁਖ ਦਫ਼ਤਰ ਨੂੰ ਭੇਜੇ ਜਾਣ:

1. ਬਿੱਲ ਜ਼ਿਲ੍ਹੇ ਵਿੱਚ ਤੈਨਾਤ ਐਸ.ਏ.ਐਸ. ਅਧਿਕਾਰੀ ਤੋਂ ਵੈਟ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਭੇਜੇ ਜਾਣ।
2. ਉਕਤ ਸਬੰਧੀ ਬਿੱਲਾਂ ਦੀ ਜਿਹਨਾਂ ਨੂੰ ਅਦਾਇਗੀ ਕੀਤੀ ਜਾਣੀ ਹੈ, ਉਹਨਾਂ ਦੇ ਖਾਤਾ ਨੰਬਰ ਅਤੇ ਮਿਤੀ ਵੀ ਸਬੰਧਿਤ ਸਕੂਲ ਮੁਖੀਆਂ ਤੋਂ ਸਰਟੀਫਾਈ ਕੀਤੇ ਜਾਣ।
3. ਇਹ ਤਸਦੀਕ ਕੀਤਾ ਜਾਵੇ ਕਿ ਉਕਤ ਖਰਚ ਵਿਤੀ ਨਿਯਮਾਵਲੀ ਦੀ ਪਾਲਣਾ ਅਤੇ ਪ੍ਰੋਪਰ ਪ੍ਰੋਸੀਜ਼ਰ ਦੀ ਅਡਾਪਸ਼ਨ ਕਰਦੇ ਹੋਏ ਕੀਤਾ ਗਿਆ ਹੈ।

4. ਉਕਤ ਖਰਚੇ ਨੂੰ Contingency/Stock Register ਵਿੱਚ ਐਂਟਰ ਕਰਦੇ ਹੋਏ ਬਿੱਲਾਂ ਤੇ ਵੇਰਵੇ ਦਿੱਤੇ ਜਾਣ ਅਤੇ ਇਸਦੇ ਨਾਲ ਹੀ ਸਬੰਧਿਤ ਰਜਿਸਟਰਾਂ/ਖਰਚੇ ਦੇ ਬਿੱਲਾਂ ਦੀਆਂ ਕਾਪੀਆਂ ਦਾ ਰਿਕਾਰਡ ਰੱਖਿਆ ਜਾਵੇ ਤਾਂ ਜੋ ਆਡਿਟ ਦੌਰਾਨ ਪੇਸ਼ ਕੀਤਾ ਜਾ ਸਕੇ।

ਉਕਤ ਪ੍ਰੋਸੀਜ਼ਰ ਦੀ ਪਾਲਣਾ ਕਰਦੇ ਹੋਏ ਬਿੱਲ ਮੁੱਖ ਦਫ਼ਤਰ ਭੇਜੇ ਜਾਣ ਤਾਂ ਜੋ ਸਮੇਂ ਸਿਰ ਐਕਸਪੋਜ਼ਰ ਵਿਜਿਟ ਦੇ ਬਿੱਲਾਂ ਦੀ ਅਦਾਇਗੀ ਕਰਵਾਈ ਜਾ ਸਕੇ।

ਡਾਇਰੈਕਟਰ ਸਕੂਲ ਐਜੂਕੇਸ਼ਨ(ਸੈਕੰਡਰੀ)
ਪੰਜਾਬ

ਪਿੰਠ ਅੰਕਣ: ਉਕਤ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ./ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ।
2. ਪੀ.ਏ./ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ(C), ਪੰਜਾਬ ਜੀ।
3. ਪੀ.ਏ./ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ ਜੀ।
4. ਡੀ.ਸੀ.ਐੱਫ.ਏ. ਦਫ਼. ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਜੀ।

ਸਹਾਇਕ ਡਾਇਰੈਕਟਰ (ਐਸ.ਓ.ਈ.)

ਦਫਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਲੁਧਿਆਣਾ

ਪੱਤਰ ਨੰ-ਜੀ-2/2024/

ਮਿਤੀ-10/12/2024

ਉਪਰੋਕਤ ਦਾ ਉਤਾਰਾ ਸਮੂਹ ਐਸ.ਓ.ਈ ਸਕੂਲਾਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਅਤੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਇਸ ਐਕਸਪੋਜਰ ਵਿਜਿਟ ਦੇ ਬਿੱਲਾਂ ਸਬੰਧੀ ਫਾਇਲ ਤਿਆਰ ਕਰਕੇ ਦਫਤਰ ਵਿਖੇ ਅੱਜ ਹੀ ਜਮ੍ਹਾ ਕਰਵਾਉਣੀ .ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਲੁਧਿਆਣਾ।